醫院管理局
HOSPITAL AUTHORITY

**ਅਗਲੇ ਸਾਲ ਜਨਵਰੀ 1 ਤੋਂ ਲਾਗੂ ਹੋਣ ਵਾਲੀਆਂ ਜਨਤਕ ਸਿਹਤ ਸੰਭਾਲ ਸੇਵਾਵਾਂ ਲਈ ਫੀਸ ਅਨੁਸੂਚੀ ਦੀ ਸੂਚਨਾ**

ਸਿਹਤ ਬਿਊਰੋ (HHB) ਅਤੇ ਹਸਪਤਾਲ ਅਥਾਰਟੀ (HA) ਦੁਆਰਾ ਸਾਂਝੇ ਤੌਰ 'ਤੇ ਸ਼ੁਰੂ ਕੀਤੇ ਗਏ ਜਨਤਕ ਸਿਹਤ ਸੇਵਾ ਫੀਸਾਂ ਅਤੇ ਖਰਚਿਆਂ ਦੇ ਸੁਧਾਰ ਦੇ ਤਹਿਤ, HA ਨੇ ਅੱਜ (25 ਅਪ੍ਰੈਲ) ਯੋਗ ਵਿਅਕਤੀਆਂ ਲਈ ਜਨਤਕ ਹਸਪਤਾਲਾਂ ਵਿੱਚ ਜਨਤਕ ਸੇਵਾਵਾਂ ਦੀ ਨਵੀਂ ਫੀਸ ਅਨੁਸੂਚੀ ਗਜ ਟ ਕੀਤੀ ਹੈ। ਨਵੀਆਂ ਫੀਸਾਂ1 ਜਨਵਰੀ, 2026 ਤੋਂ ਲਾਗੂ ਹੋਣਗੀਆਂ (ਸੰਲਗਨ ਦੇਖੋ)।

HHB ਦੇ ਬੁਲਾਰੇ ਨੇ ਜ ੋਰਦੇ ਕੇ ਕਿਹਾ ਕਿ ਸਰਕਾਰ ਸਿਹਤ ਸੇਵਾ ਪ੍ਰਣਾਲੀ ਦੇ ਸੁਧਾਰ ਨੂੰ ਇੱਕ ਸੰਪੂਰਨ ਤਰੀਕੇ ਨਾਲ ਲਾਗੂ ਕਰ ਰਹੀ ਹੈ, ਜਿਸ ਦਾ ਜਨਤਕ ਸਿਹਤ ਸੇਵਾ ਫੀਸਾਂ ਅਤੇ ਖਰਚੇ ਇੱਕ ਅਨਿੱਖੜਵਾਂ ਅੰਗ ਹਨ। ਇਹ ਸੁਧਾਰ ਪੰਜ ਮੁੱਖ ਸਿਧਾਂਤਾਂ 'ਤੇ ਅਧਾਰਤ ਹੋਵੇਗਾ:

(i) ਵਚਨਬੱਧਤਾ ਵਿੱਚ ਕਮੀ ਨਹੀਂ ਆਏਗੀ: ਜਨਤਕ ਸਿਹਤ ਪ੍ਰਤੀ ਸਰਕਾਰ ਦੀ ਵਚਨਬੱਧਤਾ ਵਿੱਚ ਕੋਈ ਬਦਲਾਅ ਨਹੀਂ ਰਹੇਗਾ। ਸੁਧਾਰ ਤੋਂ ਪ੍ਰਾਪਤ ਹੋਣ ਵਾਲੇ ਸਾਰੇ ਲਾਭਾਂ ਦੀ ਪੂਰੀ ਵਰਤੋਂ ਜਨਤਕ ਸਿਹਤ ਸੰਭਾਲ ਸੇਵਾਵਾਂ ਲਈ ਕੀਤੀ ਜਾਵੇਗੀ;

(ii) ਜੋ ਲੋਕ ਭੁਗਤਾਨ ਕਰਨ ਦੇ ਯੋਗ ਹਨ ਅਤੇ ਜਿਨ੍ਹਾਂ ਦੀ ਸਥਿਤੀ ਹਲਕੀ (ਗੰਭੀਰ ਨਹੀਂ) ਹੈ, ਉਨ੍ਹਾਂ ਲਈ ਸਹਿ-ਭੁਗਤਾਨ: ਸਰਕਾਰ ਸਹਿ-ਭੁਗਤਾਨ ਵਿਧੀ ਦਾ ਵਾਜਬ ਵਿਸਤਾਰ ਅਤੇ ਵਾਧਾ ਕਰੇਗੀ;

(iii) ਵਾਧਾ ਅਤੇ ਕਮੀ: "ਗਰੀਬ, ਤੀਬਰ, ਗੰਭੀਰ, ਨਾਜ਼ੁਕ" ਮਰੀਜ਼ਾਂ ਲਈ ਸੁਰੱਖਿਆ ਵਧਾਈ ਜਾਵੇਗੀ, ਅਤੇ ਬਰਬਾਦੀ ਘਟਾਈ ਜਾਵੇਗੀ;

(iv) ਉੱਚ ਸਬਸਿਡੀ: ਸੁਧਾਰ ਤੋਂ ਬਾਅਦ ਵੀ ਸਬਸਿਡੀ ਦਾ ਉੱਚ ਪੱਧਰ ਬਰਕਰਾਰ ਰੱਖਿਆ ਜਾਵੇਗਾ, ਜਿਸਦਾ ਟੀਚਾ 90 ਪ੍ਰਤੀਸ਼ਤ ਸਮੁੱਚੀ ਜਨਤਕ ਸਬਸਿਡੀ ਦਰ ਨੂੰ ਬਣਾਈ ਰੱਖਣਾ ਹੈ; ਅਤੇ

(v) ਹੌਲੀ-ਹੌਲੀ ਅਤੇ ਕ੍ਰਮਬੱਧ ਪ੍ਰਗਤੀ: ਇਹ ਉਦੇਸ਼ ਪੰਜ ਸਾਲਾਂ ਵਿੱਚ ਇੱਕ ਪ੍ਰਗਤੀਸ਼ੀਲ ਅਤੇ ਕ੍ਰਮਬੱਧ ਢੰਗ ਨਾਲ ਪ੍ਰਾਪਤ ਕੀਤਾ ਜਾਵੇਗਾ।

ਇਸ ਦੌਰਾਨ, HHB ਸਿਹਤ ਸੇਵਾ ਸੁਧਾਰ ਦੇ ਹੋਰ ਪੱਖਾਂ ਵਿੱਚ ਵੀ ਤਰੱਕੀ ਕਰਦਾ ਰਹੇਗਾ, ਜਿਸ ਵਿੱਚ ਪ੍ਰਾਇਮਰੀ ਸਿਹਤ ਸੇਵਾਵਾਂ, HA ਪ੍ਰਸ਼ਾਸਨ, ਨਿੱਜੀ ਸਿਹਤ ਸੇਵਾ ਫੀਸ ਪਾਰਦਰਸ਼ਤਾ, ਸਵੈ-ਇੱਛਤ ਸਿਹਤ ਬੀਮਾ ਯੋਜਨਾ, ਦੇ ਨਾਲ-ਨਾਲ ਦਵਾਈਆਂ ਅਤੇ ਮੈਡੀਕਲ ਉਪਕਰਣਾਂ ਦੀ ਮਨਜ਼ੂਰੀ, ਰਜਿਸਟ੍ਰੇਸ਼ਨ, ਜਾਣ-ਪਛਾਣ ਅਤੇ ਖਰੀਦ ਸ਼ਾਮਲ ਹਨ, ਤਾਂ ਜੋ ਸਿਹਤ ਸੇਵਾ ਪ੍ਰਣਾਲੀ ਦੀ ਸਥਿਰਤਾ ਨੂੰ ਵਧਾਇਆ ਜਾ ਸਕੇ ਅਤੇ ਲੰਮੇ ਸਮੇਂ ਲਈ ਜਨਤਕ ਸਿਹਤ ਦੀ ਬਿਹਤਰ ਸੁਰੱਖਿਆ ਯਕੀਨੀ ਬਣਾਈ ਜਾ ਸਕੇ।

25 ਮਾਰਚ ਨੂੰ ਜਨਤਕ ਸਿਹਤ ਸੇਵਾ ਫੀਸਾਂ ਅਤੇ ਖਰਚਿਆਂ ਦੇ ਸੁਧਾਰ ਦੀ ਘੋਸ਼ਣਾ ਤੋਂ ਬਾਅਦ ਤੋਂ, HHB ਅਤੇ HA ਵਿਧਾਨ ਸਭਾ, ਆਮ ਜਨਤਾ ਅਤੇ ਵੱਖ-ਵੱਖ ਹਿੱਸੇਦਾਰਾਂ ਨਾਲ ਸਰਗਰਮੀ ਨਾਲ ਸੰਵਾਦ ਕਰ ਰਹੇ ਹਨ, ਤਾਂ ਜੋ ਸੁਧਾਰ ਦੇ ਵੇਰਵੇ ਸਮਝਾਏ ਜਾ ਸਕਣ ਅਤੇ ਸੁਧਾਰ ਦੀ ਦਿਸ਼ਾ ਉੱਤੇ ਪ੍ਰਤੀਕਿਰਿਆ ਇਕੱਠੀ ਕੀਤੀ ਜਾ ਸਕੇ। ਸਮਾਜ ਵਿੱਚ ਇਹ ਸਾਂਝੀ ਸਹਿਮਤੀ ਬਣ ਚੁੱਕੀ ਹੈ ਕਿ ਹਾਂਗ ਕਾਂਗ ਦਾ ਮੌਜੂਦਾ ਜਨਤਕ ਸਿਹਤ ਸੇਵਾ ਸਬਸਿਡੀ ਢਾਂਚਾ ਆਬਾਦੀ ਵਿੱਚ ਆ ਰਹੀਆਂ ਤਬਦੀਲੀਆਂ ਅਤੇ ਸਿਹਤ ਸੇਵਾਵਾਂ ਦੇ ਵਿਕਾਸ ਕਾਰਨ ਵਧ ਰਹੀਆਂ ਸੇਵਾ ਮੰਗਾਂ ਨੂੰ ਪੂਰਾ ਨਹੀਂ ਕਰ ਸਕਦਾ। ਇਸ ਲਈ, ਜਨਤਕ ਸਿਹਤ ਸੇਵਾ ਸਬਸਿਡੀ ਢਾਂਚੇ ਵਿੱਚ ਸੁਧਾਰ ਕਰਨਾ ਲਾਜ਼ਮੀ ਹੈ, ਤਾਂ ਜੋ ਸਿਹਤ ਸੰਭਾਲ ਸੇਵਾਵਾਂ ਦੇ ਉਪਯੋਗ ਪੈਟਰਨ ਵਿੱਚ ਬਦਲਾਅ ਲਿਆਂਦਾ ਜਾ ਸਕੇ, ਡਾਕਟਰੀ ਸਰੋਤਾਂ ਦੀ ਸਹੀ ਵੰਡ ਨੂੰ ਯਕੀਨੀ ਬਣਾਇਆ ਜਾ ਸਕੇ, ਡਾਕਟਰੀ ਸਰੋਤਾਂ ਦੀ ਬਰਬਾਦੀ ਅਤੇ ਦੁਰਵਰਤੋਂ ਨੂੰ ਘਟਾਇਆ ਜਾ ਸਕੇ ਅਤੇ ਸਭ ਤੋਂ ਵੱਧ ਲੋੜਵੰਦ ਲੋਕਾਂ ਦੀ ਸੁਰੱਖਿਆ ਨੂੰ ਮਜ਼ਬੂਤ ਕੀਤਾ ਜਾ ਸਕੇ।

ਵੱਖ-ਵੱਖ ਸੇਵਾਵਾਂ ਲਈ ਸਬਸਿਡੀ ਪੱਧਰਾਂ ਦਾ ਪੁਨਰਗਠਨ ਕਰਨ ਤੋਂ ਇਲਾਵਾ, ਜਨਤਕ ਸਿਹਤ ਸੇਵਾ ਫੀਸਾਂ ਅਤੇ ਖਰਚਿਆਂ ਵਿੱਚ ਸੁਧਾਰ ਬਿਹਤਰ ਸਿਹਤ ਸੇਵਾ ਸੁਰੱਖਿਆ ਉੱਤੇ ਕੇਂਦਰਿਤ ਹੈ, ਜਿਸ ਵਿੱਚ ਮੈਡੀਕਲ ਫੀਸ ਮੁਆਫੀ ਵਿਧੀ ਨੂੰ ਸੁਧਾਰਨਾ, ਸਾਲਾਨਾ ਖਰਚ 'ਤੇ ਇੱਕ ਸੀਮਾ ਲਾਗੂ ਕਰਨਾ ਅਤੇ ਗੰਭੀਰ ਬੀਮਾਰੀਆਂ ਵਾਲੇ ਮਰੀਜ਼ਾਂ ਲਈ ਦਵਾਈਆਂ ਅਤੇ ਮੈਡੀਕਲ ਉਪਕਰਨਾਂ ਦੇ ਸੰਬੰਧ ਵਿੱਚ ਸੁਰੱਖਿਆ ਨੂੰ ਮਜ਼ਬੂਤ ਕਰਨਾ ਸ਼ਾਮਲ ਹੈ। ਇਸ ਤਰ੍ਹਾਂ, ਜਨਤਕ ਸਿਹਤ ਸੇਵਾ ਨੂੰ ਸਾਰਿਆਂ ਲਈ ਇੱਕ ਸੁਰੱਖਿਆ ਜਾਲ ਵਜੋਂ ਮਜ਼ਬੂਤ ਕੀਤਾ ਜਾਵੇਗਾ, ਜੋ ਕਿ "ਗਰੀਬ, ਤੀਬਰ, ਗੰਭੀਰ, ਨਾਜ਼ੁਕ" ਮਰੀਜ਼ਾਂ ਲਈ ਸੁਰੱਖਿਆ ਨੂੰ ਵਧਾਉਣ ਲਈ ਵੱਡਾ, ਵਧੇਰੇ ਸਥਿਰ, ਸੰਘਣਾ ਅਤੇ ਬਹੁਪੱਖੀ ਬਣ ਰਿਹਾ ਹੈ। ਇਹ ਉਮੀਦ ਕੀਤੀ ਜਾਂਦੀ ਹੈ ਕਿ ਵਧੀ ਹੋਈ ਡਾਕਟਰੀ ਫੀਸ ਮੁਆਫੀ ਵਿਧੀ ਯੋਗ ਲਾਭਪਾਤਰੀਆਂ ਨੂੰ 0.3 ਮਿਲੀਅਨ ਤੋਂ ਵਧਾ ਕੇ 1.4 ਮਿਲੀਅਨ ਪਛੜੇ ਵਿਅਕਤੀਆਂ ਤੱਕ ਲੈ ਜਾਵੇਗੀ, ਜਦਕਿ ਸਾਲਾਨਾ ਖਰਚ ਸੀਮਾ ਤੋਂ ਲਗਭਗ 70,000 ਗੰਭੀਰ ਬੀਮਾਰੀ ਵਾਲੇ ਮਰੀਜ਼ਾਂ ਨੂੰ ਲਾਭ ਹੋਵੇਗਾ। ਮੱਧਮ ਆਮਦਨ ਵਾਲੇ ਪਰਿਵਾਰਾਂ ਸਮੇਤ, ਗੰਭੀਰ ਬੀਮਾਰੀਆਂ ਵਾਲੇ ਹੋਰ ਮਰੀਜ਼ਾਂ ਨੂੰ ਦਵਾਈਆਂ ਅਤੇ ਮੈਡੀਕਲ ਉਪਕਰਨਾਂ ਲਈ ਸਬਸਿਡੀ ਮਿਲੇਗੀ।

HA ਦੇ ਬੁਲਾਰੇ ਨੇ ਕਿਹਾ, “HA ਦੇ ਅਗਲੇ ਕਦਮ ਸੁਧਾਰਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਨੂੰ ਯਕੀਨੀ ਬਣਾਉਣ ਲਈ ਲਾਗੂ ਕਰਨ ਵਾਲੀਆਂ ਰਣਨੀਤੀਆਂ ਨੂੰ ਸੁਧਾਰਨ 'ਤੇ ਕੇਂਦਰਿਤ ਹੋਣਗੇ, ਜਿਸ ਵਿੱਚ ਮੈਡੀਕਲ ਫੀਸ ਮੁਆਫੀ ਲਈ ਅਰਜ਼ੀ ਪ੍ਰਕਿਰਿਆਵਾਂ ਨੂੰ ਸੁਚਾਰੂ ਬਣਾਉਣਾ ਅਤੇ ਸਮੈਰਿਟਨ ਫੰਡ ਸੁਰੱਖਿਆ ਜਾਲ ਲਈ ਆਰਥਿਕ ਯੋਗਤਾ ਜਾਂਚ ਦੇ ਯੋਗਤਾ ਮਾਪਦੰਡਾਂ ਨੂੰ ਢਿੱਲ ਦੇਣਾ ਅਤੇ ਅਗਲੇ ਸਾਲ ਤੋਂ ਲਾਗੂ ਹੋਣ ਵਾਲੇ ਨਵੇਂ ਸਿਹਤ ਸੁਰੱਖਿਆ ਉਪਾਵਾਂ ਨੂੰ ਸਮਝਣ ਅਤੇ ਵਰਤਣ ਵਿੱਚ ਜਨਤਾ ਦੀ ਮਦਦ ਕਰਨ ਲਈ ਜਾਣਕਾਰੀ ਪਲੇਟਫਾਰਮ ਸਥਾਪਤ ਕਰਨਾ ਸ਼ਾਮਲ ਹੈ। 28 ਅਪ੍ਰੈਲ ਨੂੰ, HA ਆਪਣੀ ਵੈੱਬਸਾਈਟ ਅਤੇ ਮੋਬਾਈਲ ਐਪਲੀਕੇਸ਼ਨ 'HA Go' (ਸੰਲਗਨ ਦੇਖੋ) 'ਤੇ ਇੱਕ ਆਰਥਿਕ ਯੋਗਤਾ ਜਾਂਚ ਕੈਲਕੁਲੇਟਰ ਲਾਂਚ ਕਰੇਗਾ। ਘਰੇਲੂ ਆਮਦਨ ਅਤੇ ਸੰਪਤੀ ਬਾਰੇ ਜਾਣਕਾਰੀ ਦਰਜ ਕਰਕੇ, ਜਨਤਾ ਦੇ ਮੈਂਬਰ ਅਗਲੇ ਸਾਲ ਲਾਗੂ ਕੀਤੇ ਜਾਣ ਵਾਲੇ ਨਵੇਂ ਸਿਹਤ ਸੇਵਾ ਸੁਰੱਖਿਆ ਉਪਾਵਾਂ ਦੇ ਤਹਿਤ ਮੈਡੀਕਲ ਫੀਸ ਛੋਟ ਅਤੇ ਸੁਰੱਖਿਆ ਜਾਲ ਲਈ ਆਪਣੀ ਪ੍ਰਾਰੰਭਿਕ ਯੋਗਤਾ ਦਾ ਅਨੁਮਾਨ ਲਗਾ ਸਕਦੇ ਹਨ।”

ਬੁਲਾਰੇ ਨੇ ਅੱਗੇ ਕਿਹਾ ਕਿ ਪ੍ਰਾਇਮਰੀ ਸਿਹਤ ਸੇਵਾ ਕਮਿਸ਼ਨ (PHC ਕਮਿਸ਼ਨ) ਇਸ ਸੁਧਾਰ ਨੂੰ ਪੂਰਾ ਕਰਨ ਲਈ ਪ੍ਰਾਇਮਰੀ ਸਿਹਤ ਸੇਵਾਵਾਂ ਨੂੰ ਸਰਗਰਮੀ ਨਾਲ ਵਿਕਸਤ ਕਰੇਗਾ, ਸਮੁਦਾਇਕ ਪ੍ਰਾਇਮਰੀ ਸਿਹਤ ਸੇਵਾ ਨੈੱਟਵਰਕਾਂ ਦੀ ਢੁਕਵੀਂ ਵਰਤੋਂ ਨੂੰ ਉਤਸ਼ਾਹਿਤ

ਕਰੇਗਾ। HA ਪਰਿਵਾਰਕ ਚਿਕਿਤਸਾ ਬਾਹਰੀ ਮਰੀਜ਼ ਸੇਵਾਵਾਂ ਦੀ ਸਮਰੱਥਾ ਨੂੰ ਵਧਾਉਣਾ ਜਾਰੀ ਰੱਖੇਗਾ, ਜਿਸ ਵਿੱਚ ਘੱਟ ਆਮਦਨ ਵਾਲੇ ਪਰਿਵਾਰਾਂ ਅਤੇ ਗਰੀਬੀ ਰੇਖਾ ਹੇਠਾਂ ਰਹਿ ਰਹੇ ਬਜ਼ੁਰਗਾਂ ਸਮੇਤ ਘੱਟ-ਆਮਦਨੀ ਵਾਲੇ ਸਮੂਹਾਂ ਦੀ ਸੇਵਾ ਕਰਨ ਨੂੰ ਤਰਜੀਹ ਦਿੱਤੀ ਜਾਵੇਗੀ। ਅੰਤਰ-ਜ਼ਿਲ੍ਹਾ ਸਹਿਯੋਗ ਅਤੇ ਲਚਕਦਾਰ ਸਰੋਤ ਵੰਡ ਦੁਆਰਾ, ਸ਼ਾਮ ਅਤੇ ਛੁੱਟੀਆਂ ਵਿਚ ਬਾਹਰੀ ਮਰੀਜ਼ ਸੇਵਾਵਾਂ ਨੂੰ ਵਧਾਇਆ ਜਾਵੇਗਾ ਅਤੇ ਉਨ੍ਹਾਂ ਜ਼ਿਲ੍ਹਿਆਂ ਉੱਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ ਜਿੱਥੇ ਮੰਗ ਵੱਧ ਹੈ। PHC ਕਮਿਸ਼ਨ ਅਤੇ HA ਨਿੱਜੀ ਸਿਹਤ ਸੰਭਾਲ ਸੰਸਥਾਵਾਂ ਨਾਲ ਵੀ ਸਹਿਯੋਗ ਕਰਨਗੇ ਤਾਂ ਜੋ ਸ਼ਾਮ ਅਤੇ ਛੁੱਟੀਆਂ ਦੀਆਂ ਸੇਵਾਵਾਂ ਪ੍ਰਦਾਨ ਕਰਨ ਵਾਲੇ ਨਿੱਜੀ ਹਸਪਤਾਲਾਂ ਅਤੇ ਪ੍ਰਾਇਮਰੀ ਸਿਹਤ ਸੰਭਾਲ ਕਲੀਨਿਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਜਾ ਸਕੇ, ਅਤੇ ਇਹ ਜਾਣਕਾਰੀ eHealth ਅਤੇ ਦੁਰਘਟਨਾ ਅਤੇ ਐਮਰਜੈਂਸੀ (A&E) ਵਿਭਾਗਾਂ ਸਮੇਤ ਵੱਖ-ਵੱਖ ਚੈਨਲਾਂ 'ਤੇ ਉਪਲਬਧ ਕਰਵਾਈ ਜਾਵੇਗੀ ਤਾਂ ਜੋ ਲੋਕਾਂ ਨੂੰ A&E ਤੋਂ ਇਲਾਵਾ ਹੋਰ ਸੇਵਾਵਾਂ ਤੱਕ ਪਹੁੰਚ ਵਿਚ ਆਸਾਨੀ ਹੋਵੇ। ਅਗਲੇ ਸਾਲ 1 ਜਨਵਰੀ ਤੋਂ, ਜਦੋਂ ਨਵੀਂ A&E ਫੀਸ ($400) ਲਾਗੂ ਹੋਵੇਗੀ, HA ਇੱਕੋ ਸਮੇਂ ਵਿਸ਼ੇਸ਼ A&E ਰਿਫੰਡ ਪ੍ਰਬੰਧਾਂ ਨੂੰ ਨਿਯਮਤ ਕਰੇਗਾ। ਟ੍ਰਾਈਏਜ ਨਰਸਾਂ ਦੁਆਰਾ ਟ੍ਰਾਈਏਜ ਅਤੇ ਸ਼ੁਰੂਆਤੀ ਡਾਕਟਰੀ ਮੁਲਾਂਕਣ ਕਰਨ ਤੋਂ ਬਾਅਦ ਸਲਾਹ-ਮਸ਼ਵਰੇ ਦੀ ਉਡੀਕ ਕਰਦੇ ਹੋਏ, ਜੇਕਰ ਕੋਈ ਮਰੀਜ਼ ਕਿਸੇ ਹੋਰ ਸਿਹਤ ਸੰਸਥਾ ਵਿੱਚ ਇਲਾਜ ਕਰਵਾਉਣ ਦੀ ਚੋਣ ਕਰਦੇ ਹਨ, ਤਾਂ ਉਹ $350 ਦੀ ਰਿਫੰਡ ਲਈ ਅਰਜ਼ੀ ਦੇ ਸਕਦੇ ਹਨ।

HA ਅਯੋਗ ਵਿਅਕਤੀਆਂ, ਸਰਕਾਰੀ ਹਸਪਤਾਲਾਂ ਵਿੱਚ ਨਿੱਜੀ ਸੇਵਾਵਾਂ ਅਤੇ ਹੋਰ ਬਾਕੀ ਜਨਤਕ ਸਿਹਤ ਸੇਵਾਵਾਂ ਦੀ ਵਿਅਕਤੀਗਤ ਫੀਸਾਂ ਦੀ ਵੀ ਸਮੀਖਿਆ ਕਰ ਰਿਹਾ ਹੈ। ਸਮੀਖਿਆ ਪੂਰੀ ਹੋਣ ਤੋਂ ਬਾਅਦ ਅੱਗੇ ਹੋਰ ਘੋਸ਼ਣਾਵਾਂ ਕੀਤੀਆਂ ਜਾਣਗੀਆਂ।

# 1 ਜਨਵਰੀ 2026 ਤੋਂ ਲਾਗੂ ਹੋਣ ਵਾਲੀਆਂ ਜਨਤਕ ਸਿਹਤ ਸੰਭਾਲ ਸੇਵਾਵਾਂ ਦੇ ਯੋਗ ਵਿਅਕਤੀਆਂ ਲਈ ਹਸਪਤਾਲ ਅਥਾਰਟੀ ਦੀਆਂ ਫੀਸਾਂ ਅਤੇ ਖਰਚੇ

| ਸੇਵਾ | | ਸੋਧੀ ਹੋਈ ਫੀਸ |
|---|---|---|
| ਅੰਦਰੂਨੀ ਰੋਗੀ ਦੇਖਭਾਲ | ਮੱਧ ਰੋਗੀ ਸਿਹਤ ਗੰਭੀਰ ਜਨਰਲ ਬੈੱਡ | $300 ਪ੍ਰਤੀ ਦਿਨ |
| | ਪੁਨਰਵਾਸ / ਬਹਾਲੀ, ਇੰਫਰਮਰੀ ਅਤੇ ਮਨੋਚਿਕਿਤਸਕ ਬਿਸਤਰ | $200 ਪ੍ਰਤੀ ਦਿਨ |
| ਬਾਹਰੀ ਮਰੀਜ਼ ਹਾਜ਼ਰੀ | ਦੁਰਘਟਨਾ ਅਤੇ ਐਮਰਜੈਂਸੀ | $400 ਪ੍ਰਤੀ ਹਾਜ਼ਰੀ* |
| | ਸਪੈਸ਼ਲਿਸਟ ਕਲੀਨਿਕ (ਏਕੀਕ੍ਰਿਤ ਕਲੀਨਿਕ ਅਤੇ ਅਲਾਈਡ ਹੈਲਥ ਕਲੀਨਿਕ ਸਮੇਤ)<br>- ਹਾਜ਼ਰੀ ਫੀਸ<br>- ਦਵਾਈਆਂ ਦੀ ਲਾਗਤ | <br>$250 ਪ੍ਰਤੀ ਹਾਜ਼ਰੀ<br>$20 ਪ੍ਰਤੀ ਆਈਟਮ, 4 ਹਫ਼ਤੇ ਚਾਰਜਯੋਗ ਯੂਨਿਟ ਵਜੋਂ (ਸਵੈ-ਵਿੱਤੀ ਦਵਾਈਆਂ ਨੂੰ ਛੱਡ ਕੇ) |
| | ਪਰਿਵਾਰਕ ਚਿਕਿਤਸਾ ਕਲੀਨਿਕ (ਏਕੀਕ੍ਰਿਤ ਕਲੀਨਿਕ ਸਮੇਤ)<br>- ਹਾਜ਼ਰੀ ਫੀਸ<br>- ਦਵਾਈਆਂ ਦੀ ਲਾਗਤ | <br>$150 ਪ੍ਰਤੀ ਹਾਜ਼ਰੀ<br>$5 ਪ੍ਰਤੀ ਆਈਟਮ, 4 ਹਫ਼ਤੇ ਚਾਰਯੋਗ ਯੂਨਿਟ ਵਜੋਂ (ਸਵੈ-ਵਿੱਤੀ ਦਵਾਈਆਂ ਨੂੰ ਛੱਡ ਕੇ) |
| | ਇੰਜੈਕਸ਼ਨ ਜਾਂ ਡਰੈਸਿੰਗ | $50 ਪ੍ਰਤੀ ਹਾਜ਼ਰੀ |
| ਕਮਿਊਨਿਟੀ ਸੇਵਾ | ਕਮਿਊਨਿਟੀ ਜੇਰੀਆਟ੍ਰਿਕ ਅਸੈਸਮੈਂਟ ਟੀਮ ਸੇਵਾ<br>- ਸਲਾਹ<br>- ਦਵਾਈਆਂ ਦੀ ਲਾਗਤ | <br>$100 ਪ੍ਰਤੀ ਮੁਲਾਕਾਤ<br>$20 ਪ੍ਰਤੀ ਆਈਟਮ, 4 ਹਫ਼ਤੇ ਚਾਰਜਯੋਗ ਯੂਨਿਟ ਵਜੋਂ (ਸਵੈ-ਵਿੱਤੀ ਦਵਾਈਆਂ ਨੂੰ ਛੱਡ ਕੇ) |
| | ਕਮਿਊਨਿਟੀ ਨਰਸਿੰਗ ਸਰਵਿਸ (ਜਨਰਲ) | $100 ਪ੍ਰਤੀ ਮੁਲਾਕਾਤ |
| | ਕਮਿਊਨਿਟੀ ਅਲਾਈਡ ਹੈਲਥ ਸਰਵਿਸ | $100 ਪ੍ਰਤੀ ਮੁਲਾਕਾਤ |
| | ਕਮਿਊਨਿਟੀ ਮਨੋਚਿਕਿਤਸਕ ਨਰਸਿੰਗ ਸੇਵਾ | ਮੁਫ਼ਤ |
| ਡੇਅ ਹਸਪਤਾਲ / ਡੇਅ ਪ੍ਰੋਸੀਜਰ | ਮਨੋਚਿਕਿਤਸਕ ਡੇ ਹਸਪਤਾਲ | ਮੁਫ਼ਤ |
| | ਜੇਰੀਐਟ੍ਰਿਕ ਡੇਅ ਹਸਪਤਾਲ | $100 ਪ੍ਰਤੀ ਹਾਜ਼ਰੀ |
| | ਪੁਨਰਵਾਸ ਡੇਅ ਹਸਪਤਾਲ | $100 ਪ੍ਰਤੀ ਹਾਜ਼ਰੀ |
| | ਕਲੀਨਿਕਲ ਓਨਕੋਲੋਜੀ ਜਾਂ ਰੇਨਲ ਕਲੀਨਿਕ | $250 ਪ੍ਰਤੀ ਹਾਜ਼ਰੀ |
| | ਐਂਬੂਲੇਟਰੀ ਸਹੂਲਤ ਵਿੱਚ ਡੇਅ ਪ੍ਰੋਸੀਜਰ ਅਤੇ ਇਲਾਜ | $250 ਪ੍ਰਤੀ ਹਾਜ਼ਰੀ |
| ਪੈਥੋਲੋਜੀ ਸੇਵਾ (ਸਪੈਸ਼ਲਿਸਟ ਕਲੀਨਿਕ ਲਈ ਲਾਗੂ) | - ਬੇਸਿਕ<br>- ਦਰਮਿਆਨਾ<br>- ਉੱਨਤ | ਮੁਫ਼ਤ<br>$50 ਪ੍ਰਤੀ ਆਈਟਮ<br>$200 ਪ੍ਰਤੀ ਆਈਟਮ |
| ਗੈਰ-ਜ਼ਰੂਰੀ ਰੇਡੀਓਲੋਜੀ ਸੇਵਾ | - ਬੇਸਿਕ<br>- ਦਰਮਿਆਨਾ<br>- ਉੱਨਤ | ਮੁਫ਼ਤ<br>$250 ਪ੍ਰਤੀ ਆਈਟਮ<br>$500 ਪ੍ਰਤੀ ਆਈਟਮ |

* ਦੁਰਘਟਨਾ ਅਤੇ ਐਮਰਜੈਂਸੀ ਵਿਭਾਗ (A&E) ਵਿਖੇ ਸ਼੍ਰੇਣੀ I (ਨਾਜ਼ੁਕ) ਅਤੇ II (ਐਮਰਜੈਂਸੀ) ਵਜੋਂ ਦਰਜ ਕੀਤੇ ਗਏ ਮਰੀਜ਼ਾਂ ਨੂੰ ਹਾਜ਼ਰੀ ਫੀਸ ਦੇ ਭੁਗਤਾਨ ਤੋਂ ਛੋਟ ਦਿੱਤੀ ਜਾਵੇਗੀ। ਹੋਰ ਮਰੀਜ਼ ਜਿਨ੍ਹਾਂ ਨੇ ਹਾਜ਼ਰੀ ਫੀਸ ਦਾ ਭੁਗਤਾਨ ਕੀਤਾ ਹੈ ਪਰ A&E ਵਿਖੇ ਡਾਕਟਰੀ ਸਲਾਹ-ਮਸ਼ਵਰੇ ਤੋਂ ਪਹਿਲਾਂ ਚਲੇ ਗਏ ਹਨ, ਉਹ A&E ਰਜਿਸਟ੍ਰੇਸ਼ਨ ਤੋਂ 24 ਘੰਟਿਆਂ ਦੇ ਅੰਦਰ $350 ਦੀ ਵਾਪਸੀ ਲਈ ਅਰਜ਼ੀ ਦੇ ਸਕਦੇ ਹਨ।

ਹੇਠ ਲਿਖੀਆਂ ਸ਼੍ਰੇਣੀਆਂ ਵਿੱਚ ਆਉਣ ਵਾਲੇ ਮਰੀਜ਼ "ਯੋਗ ਵਿਅਕਤੀਆਂ" 'ਤੇ ਲਾਗੂ ਹੋਣ ਵਾਲੇ ਖਰਚਿਆਂ ਦੀਆਂ ਦਰਾਂ ਲਈ ਯੋਗ ਹਨ:

- ਹਾਂਗ ਕਾਂਗ ਪਛਾਣ ਪੱਤਰ ਧਾਰਕ ਜਿਨ੍ਹਾਂ ਨੂੰ ਪਛਾਣ ਪੱਤਰ ਰਜਿਸਟ੍ਰੇਸ਼ਨ ਆਫ਼ ਪਰਸਨਜ਼ ਆਰਡੀਨੈਂਸ (ਅਧਿਆਇ 177) ਦੇ ਤਹਿਤ ਜਾਰੀ ਕੀਤਾ ਗਿਆ ਹੈ, ਉਨ੍ਹਾਂ ਨੂੰ ਛੱਡ ਕੇ ਜਿਨ੍ਹਾਂ ਨੇ ਹਾਂਗ ਕਾਂਗ ਵਿੱਚ ਉਤਰਨ ਜਾਂ ਰਹਿਣ ਦੀ ਪਿਛਲੀ ਇਜਾਜ਼ਤ ਦੇ ਆਧਾਰ 'ਤੇ ਆਪਣਾ ਹਾਂਗ ਕਾਂਗ ਪਛਾਣ ਪੱਤਰ ਪ੍ਰਾਪਤ ਕੀਤਾ ਹੈ ਅਤੇ ਅਜਿਹੀ ਇਜਾਜ਼ਤ ਦੀ ਮਿਆਦ ਖਤਮ ਹੋ ਗਈ ਹੈ ਜਾਂ ਵੈਧ ਨਹੀਂ ਰਹੀ ਹੈ;
- ਉਹ ਬੱਚੇ ਜੋ ਹਾਂਗ ਕਾਂਗ ਦੇ ਨਿਵਾਸੀ ਹਨ ਅਤੇ 11 ਸਾਲ ਤੋਂ ਘੱਟ ਉਮਰ ਦੇ ਹਨ; ਜਾਂ
- ਹਸਪਤਾਲ ਅਥਾਰਟੀ ਦੇ ਮੁੱਖ ਕਾਰਜਕਾਰੀ ਦੁਆਰਾ ਪ੍ਰਵਾਨਿਤ ਹੋਰ ਵਿਅਕਤੀ।

**ਸੰਲਗਨ**

ਹਸਪਤਾਲ ਅਥਾਰਟੀ ਮੈਡੀਕਲ ਫੀਸ ਸਹਾਇਤਾ ਆਰਥਿਕ ਯੋਗਤਾ ਜਾਂਚ ਕੈਲਕੁਲੇਟਰ (ਸਿਰਫ਼ ਅੰਗਰੇਜ਼ੀ ਵਿੱਚ)

ਹਾਇਪਰਲਿੰਕ:

https://ewsecal.ha.org.hk/calculator/

QR ਕੋਡ:

**Fee schedule for public healthcare services gazetted to take effect on January 1 next year**

Following the Public Healthcare Fees and Charges Reform initiated jointly by the Health Bureau (HHB) and the Hospital Authority (HA), the HA today (April 25) gazetted the new fee schedule for public services in public hospitals applicable to eligible persons. The new fees will take effect on January 1, 2026 (See Annex).

The HHB spokesperson emphasised that the Government is implementing the healthcare system reform in a holistic manner, of which public healthcare fees and charges is an integral part. The reform will be based on five key principles:

(i) Commitment will not be lessened: The Government's commitment to public health will remain unchanged. All gains from the reform will be wholly utilised for public healthcare services;
(ii) Co-payment for those who can afford it and for those with mild conditions: The Government will reasonably expand and enhance the co-payment mechanism;
(iii) Enhancement and reduction: Protection for "poor, acute, serious, critical" patients will be enhanced, and wastage will be reduced;
(iv) High subsidisation: The high level of subsidy will be maintained after the reform, with the target of maintaining the 90 per cent overall public subsidisation rate; and
(v) Gradual and orderly progress: The objective will be achieved in a progressive and orderly manner in five years.

Meanwhile, the HHB will continue to advance other aspects of the healthcare reform, including primary healthcare services, HA governance, private healthcare fee transparency, the Voluntary Health Insurance Scheme, as well as the approval, registration, introduction and procurement of drugs and medical devices, to enhance healthcare system sustainability and ensure better protection of public health in the long run.

Following the announcement of the Public Healthcare Fees and Charges Reform on March 25, the HHB and the HA have been actively engaging with the Legislative Council, members of the public, and various stakeholders to explain the reform details and gather feedback on the reform direction. There is a consensus across society that Hong Kong's current public healthcare subsidisation structure cannot cope with increasing service demands driven by demographic changes and healthcare developments. This necessitates reform of the public healthcare subsidisation structure to modify healthcare service utilisation patterns, achieve

precise allocation of medical resources, reduce wastage and misuse of medical resources, and strengthen protection for those most in need.

Apart from restructuring subsidisation levels for various services, the public healthcare fees and charges reform emphasises enhanced healthcare protection, including enhancing the medical fee waiver mechanism, introducing a cap on annual spending, and strengthening protection for patients with critical illnesses regarding drugs and medical devices. As such, public healthcare will be reinforced as a safety net for all, which is also becoming larger, more stable, thicker and denser, to enhance protection for "poor, acute, serious, critical" patients. It is expected that the enhanced medical fee waiving mechanism will expand eligible beneficiaries from 0.3 million to 1.4 million underprivileged individuals, while the annual spending cap will benefit 70 000 patients with serious illnesses. More patients with critical illnesses, including those from middle-income families, will receive subsidies for drugs and medical devices.

The HA spokesperson said, "The HA's next steps will focus on refining implementation measures to ensure the smooth execution of the reform, including streamlining application procedures for medical fee waivers and relaxing the eligibility criteria of means test for the Samaritan Fund safety net, and establishing information platforms to help members of the public understand and utilise the new healthcare protection measures starting next year. On April 28, the HA will launch a means test calculator on the HA website and mobile application 'HA Go' (See Attachment). By inputting information about household income and assets, members of the public can make a preliminary estimation of their eligibility for medical fee waiving and safety net applications under the new healthcare protection measures to be implemented next year."

The spokesperson added that the Primary Healthcare Commission (PHC Commission) will actively develop primary healthcare to complement the reform, encouraging appropriate utilisation of community primary healthcare networks. The HA will continue to increase the capacity of family medicine outpatient services, with a priority to serve underprivileged groups including low-income families and the elderly living in poverty. Through cross-district collaboration and flexible resource allocation, evening and holiday outpatient services will be increased, focusing on districts with high demand. The PHC Commission and the HA will also collaborate with private healthcare institutions to compile information about private hospitals and primary healthcare clinics providing evening and holiday services, making this information available through various channels including eHealth and at Accident and Emergency (A&E) departments to help members of the public access service options beyond A&E. Starting January 1 next year, when the new A&E fee ($400) takes effect, the HA will simultaneously regularise the special A&E refund arrangements. While waiting for consultation after triage nurses conduct triage and preliminary medical assessments, patients who choose to seek treatment at other healthcare institutions may apply for a $350 refund.

The HA is also reviewing fees for non-eligible persons, private services in public hospitals, and remaining individual fee items for public healthcare services. Further announcements will be made upon completion of the review.

# Hospital Authority Fees & Charges for Public Hospital Services to Eligible Persons to be Revised from 1 January 2026

| Service | | Revised Fee |
|---|---|---|
| **Inpatient Maintenance** | Acute general bed | $300 per day |
| | Convalescent / Rehabilitation, Infirmary and Psychiatric Bed | $200 per day |
| **Outpatient Attendance** | Accident & Emergency | $400 per attendance* |
| | Specialist Clinic (include Integrated Clinic and Allied Health Clinic)<br>- Attendance Fee<br>- Drug Charge | <br><br>$250 per attendance<br>$20 per item, 4 weeks as chargeable unit (except self-financed drugs) |
| | Family Medicine Clinic (include Integrated Clinic)<br>- Attendance Fee<br>- Drug Charge | <br><br>$150 per attendance<br>$5 per item, 4 weeks as chargeable unit (except self-financed drugs) |
| | Injection or Dressing | $50 per attendance |
| **Community Service** | Community Geriatric Assessment Team Service<br>- Consultation<br>- Drug Charge | <br><br>$100 per visit<br>$20 per item, 4 weeks as chargeable unit (except self-financed drugs) |
| | Community Nursing Service (General) | $100 per visit |
| | Community Allied Health Service | $100 per visit |
| | Community Psychiatric Nursing Service | Free |
| **Day Hospital / Day Procedure** | Psychiatric Day Hospital | Free |
| | Geriatric Day Hospital | $100 per attendance |
| | Rehabilitation Day Hospital | $100 per attendance |
| | Clinical Oncology or Renal Clinic | $250 per attendance |
| | Day Procedure and Treatment in Ambulatory Facility | $250 per attendance |
| **Pathology Service (applicable for Specialist Clinic)** | - Basic<br>- Intermediate<br>- Advanced | Free<br>$50 per item<br>$200 per item |
| **Non-urgent Radiology Service** | - Basic<br>- Intermediate<br>- Advanced | Free<br>$250 per item<br>$500 per item |

* Patients triaged as Category I (critical) and II (emergency) at an Accident & Emergency Department (A&E) will be exempted from attendance fee payment. Other patients who have paid attendance fee but leave before medical consultation at A&E can apply for a refund of $350 within 24 hours after A&E registration.

Patients falling into the following categories are eligible for the rates of charges applicable to "Eligible Persons":

- holders of Hong Kong Identity Card issued under the Registration of Persons Ordinance (Chapter 177), except those who obtained their Hong Kong Identity Card by virtue of a previous permission to land or remain in Hong Kong granted to them and such permission has expired or ceased to be valid;
- children who are Hong Kong residents and under 11 years of age; or
- other persons approved by the Chief Executive of the Hospital Authority.

**<u>Attachment</u>**

Hospital Authority Medical Fee Assistance Means Test Calculator (English only)

Hyperlink:

https://ewsecal.ha.org.hk/calculator/

QR code：